British Columbia's
Office of the Human Rights
Commissioner

# ਇਨਸਾਫ ਸੁਰੱਖਿਅਤ ਹੈ: ਪੁਲੀਸ ਦੇ ਕਾਰਜ ਵਿੱਚ ਸੁਧਾਰ ਕਰਨ ਲਈ ਮਨੁੱਖੀ ਅਧਿਕਾਰਾਂ ਨਾਲ ਸੰਬੰਧਿਤ ਗੌਰ ਕਰਨ ਵਾਲੇ ਵਿਚਾਰ - ਕਾਰਜਕਾਰੀ ਸਾਰ

ਸਬਮਿਸ਼ਨ | ਨਵੰਬਰ 2021

ਪੂਰੀ ਸਬਮਿਸ਼ਨ (ਅੰਗਰੇਜ਼ੀ ਵਿੱਚ) ਇੱਥੇ ਦੇਖੋ: bchumanrights.ca/SCORPA

ਪੁਲੀਸ ਦੇ ਕਾਰਜ ਵਿੱਚ ਬਾਕਾਇਦਾ (ਸਿਸਟੇਮੈਟਿਕ) ਨਸਲਵਾਦ ਮੌਜੂਦ ਹੈ ਜਾਂ ਨਹੀਂ, ਇਸ ਬਾਰੇ ਬਹਿਸ ਦਾ ਸਮਾਂ ਖਤਮ ਹੋ ਗਿਆ ਹੈ - ਕਿਉਂਕਿ ਇਹ ਬ੍ਰਿਟਿਸ਼ ਕੋਲੰਬੀਆ ਵਿੱਚ ਖਾਸ ਤੌਰ `ਤੇ ਇੰਡਿਜਿਨਸ ਅਤੇ ਕਾਲੇ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ ਪਰ ਇਹ ਸਿਰਫ ਉਹਨਾਂ ਤੱਕ ਹੀ ਸੀਮਤ ਨਹੀਂ ਹੈ। । ਇਹ ਕਾਰਵਾਈ ਕਰਨ ਦਾ ਸਮਾਂ ਹੈ।

ਪੁਲੀਸ ਦੇ ਭੇਦਭਾਵ ਵਾਲੇ ਕਾਰਜ ਦੁਆਰਾ ਲੰਬੇ ਸਮੇਂ ਤੋਂ ਪ੍ਰਭਾਵਿਤ ਹੋਏ ਭਾਈਚਾਰਿਆਂ ਨੇ ਲਗਾਤਾਰ ਆਪਣੀਆਂ ਕਹਾਣੀਆਂ ਸਾਂਝੀਆਂ ਕੀਤੀਆਂ ਹਨ ਅਤੇ ਤਬਦੀਲੀ ਦੀ ਮੰਗ ਕੀਤੀ ਹੈ, ਜਿਸ ਵਿੱਚ ਬੀ.ਸੀ. ਦੀ ਵਿਧਾਨ ਸਭਾ ਦੀ ਸਪੈਸ਼ਲ ਕਮੇਟੀ ਔਨ ਰਿਫੌਰਮਿੰਗ ਦ ਪੁਲੀਸ ਐਕਟ (SCORPA) ਦੇ ਸਾਹਮਣੇ ਕੀਤੀ ਮੰਗ ਵੀ ਸ਼ਾਮਲ ਹੈ। ਵੈਨਕੂਵਰ ਅਤੇ ਨੈਲਸਨ ਪੁਲੀਸ ਵਿਭਾਗਾਂ ਅਤੇ ਸਰੀ, ਡੰਕਨ ਅਤੇ ਪ੍ਰਿੰਸ ਜਾਰਜ ਵਿੱਚ RCMP (ਪੂਰੀ ਸਬਮਿਸ਼ਨ ਦੀ ਅੰਤਿਕਾ ਬੀ ਦੇਖੋ) ਦੇ ਡੇਟਾ ਦਾ ਵਿਸ਼ਲੇਸ਼ਣ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਜੋ ਭਾਈਚਾਰੇ ਲੰਬੇ ਸਮੇਂ ਤੋਂ ਕਹਿ ਰਹੇ ਹਨ:

- ਕਿ ਅਧਿਕਾਰ ਖੇਤਰ ਦੇ ਆਧਾਰ `ਤੇ ਗ੍ਰਿਫਤਾਰੀਆਂ/ਚਾਰਜਯੋਗ ਘਟਨਾਵਾਂ ਦੇ ਅੰਕੜਿਆਂ ਵਿੱਚ ਇੰਡਿਜਿਨਸ ਅਤੇ ਕਾਲੇ ਲੋਕਾਂ ਦੀ ਗਿਣਤੀ ਅਨੁਪਾਤ ਅਨੁਸਾਰ ਘੋਰ ਜਾਂ ਮਹੱਤਵਪੂਰਨ ਤੌਰ `ਤੇ ਜ਼ਿਆਦਾ ਹੈ। ਬਹੁਤ ਸਾਰੇ ਪੁਲਿਸ ਅਧਿਕਾਰ ਖੇਤਰਾਂ ਵਿੱਚ ਹਿਸਪੈਨਿਕ ਅਤੇ ਅਰਬੀ/ਪੱਛਮੀ ਏਸ਼ੀਆਈ ਲੋਕਾਂ ਦੀ ਗਿਣਤੀ ਵੀ ਅਨੁਪਾਤ ਅਨੁਸਾਰ ਜ਼ਿਆਦਾ ਹੈ।
- ਕਿ ਪੁਲੀਸ ਦੀਆਂ ਜ਼ਿਆਦਾਤਰ ਗਤੀਵਿਧੀਆਂ ਵਿੱਚ ਮਾਨਸਿਕ ਸਿਹਤ ਸਮੱਸਿਆਵਾਂ ਤੋਂ ਪੀੜਤ ਲੋਕ ਸ਼ਾਮਲ ਹੁੰਦੇ ਹਨ। ਬਹੁਤ ਸਾਰੇ ਅਧਿਕਾਰ ਖੇਤਰਾਂ ਵਿੱਚ  ਪੁਲੀਸ ਨਾਲ ਵਾਹ ਪੈਣ ਦੀਆਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਇੰਡਿਜਿਨਸ, ਕਾਲੇ ਅਤੇ ਅਰਬੀ /ਪੱਛਮੀ ਏਸ਼ੀਆਈ ਲੋਕਾਂ ਦੀ ਗਿਣਤੀ ਵੀ ਅਨੁਪਾਤ ਅਨੁਸਾਰ ਜ਼ਿਆਦਾ ਹੁੰਦੀ ਹੈ।

- ਕਿ, ਜਦੋਂ ਕਿ ਪੁਲੀਸ ਦੀਆਂ ਗ੍ਰਿਫਤਾਰੀਆਂ/ਚਾਰਜਯੋਗ ਘਟਨਾਵਾਂ ਦੇ ਅੰਕੜਿਆਂ ਵਿੱਚ ਆਮ ਤੌਰ 'ਤੇ ਔਰਤਾਂ ਦੀ ਗਿਣਤੀ ਅਨੁਪਾਤ ਤੋਂ ਘੱਟ ਹੁੰਦੀ ਹੈ , ਬੀ.ਸੀ. ਵਿੱਚ ਜਾਂਚੇ ਗਏ ਜ਼ਿਆਦਾਤਰ ਅਧਿਕਾਰ ਖੇਤਰਾਂ ਵਿੱਚ ਗ੍ਰਿਫਤਾਰੀਆਂ ਦੇ ਅੰਕੜਿਆਂ ਵਿੱਚ ਇੰਡਿਜਿਨਸ ਔਰਤਾਂ ਦੀ ਗਿਣਤੀ ਅਨੁਪਾਤ ਅਨੁਸਾਰ ਘੋਰ ਜਾਂ ਮਹੱਤਵਪੂਰਨ ਤੌਰ `ਤੇ ਜ਼ਿਆਦਾ ਹੈ। ਉਦਾਹਰਣ ਲਈ ,ਬਹੁਤ ਸਾਰੇ ਮਾਮਲਿਆਂ ਵਿੱਚ ਉਹਨਾਂ ਦੀ ਗ੍ਰਿਫਤਾਰੀ ਦੀ ਦਰ ਗੋਰੇ ਮਰਦਾਂ ਨਾਲੋਂ ਵੱਧ ਹੈ, ।

ਇਹ ਨਸਲੀ ਅਸਮਾਨਤਾਵਾਂ ਜ਼ਰੂਰੀ ਤੌਰ 'ਤੇ ਸਿਰਫ ਪੁਲੀਸ ਦੇ ਕਾਰਜਾਂ ਵਿੱਚ ਪੱਖਪਾਤ ਦਾ ਉਤਪਾਦ ਨਹੀਂ ਹਨ, ਕਿਉਂਕਿ ਬਹੁਤ ਸਾਰੀਆਂ ਪ੍ਰਣਾਲੀਆਂ ਦੇ ਅੰਦਰ ਬਾਕਾਇਦਾ (ਸਿਸਟੇਮੈਟਿਕ) ਨਸਲਵਾਦ ਉਨ੍ਹਾਂ ਲੋਕਾਂ ਦੇ ਵੱਧ ਅਪਰਾਧੀਕਰਨ ਵੱਲ ਲੈ ਜਾਂਦਾ ਹੈ ਜੋ ਇੰਡਿਜਿਨਸ, ਕਾਲੇ ਜਾਂ ਵੈਸੇ ਹਾਸ਼ੀਏ 'ਤੇ ਹਨ। ਕਾਰਕਾਂ ਦੇ ਸੰਗਮ ਦੀ ਪਰਵਾਹ ਕੀਤੇ ਬਿਨਾਂ, ਨਿਆਂ ਪ੍ਰਣਾਲੀ ਅਤੇ ਸਮੁੱਚੀ ਸਰਕਾਰ ਵਿਚਲੇ ਹੋਰ ਕਾਰਜ ਕਰਤਾਵਾਂ ਦੇ ਨਾਲ-ਨਾਲ ਪੁਲੀਸ ਬਲਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਬਾਕਾਇਦਾ (ਸਿਸਟੇਮੈਟਿਕ) ਅਸਮਾਨਤਾਵਾਂ ਨਾਲ ਨਜਿੱਠਣ ਜੋ ਇੰਡਿਜਿਨਸ ਅਤੇ ਕਾਲੇ ਲੋਕਾਂ (ਅਤੇ ਪ੍ਰੋਫੈਸਰ ਵੌਰਟਲੇ ਦੇ ਡੇਟਾ ਵਿਸ਼ਲੇਸ਼ਣ ਵਿੱਚ ਦਰਸਾਏ ਹੋਰ ਸਮੂਹਾਂ) ਨੂੰ ਪ੍ਰਭਾਵਤ ਕਰਦੀਆਂ ਹਨ।

ਇਹਨਾਂ ਸਬਮਿਸ਼ਨਾਂ ਵਿੱਚ, ਬੀ.ਸੀ. ਦੇ ਮਨੁੱਖੀ ਅਧਿਕਾਰ ਕਮਿਸ਼ਨਰ ਨੇ ਬੀ.ਸੀ. ਦੇ ਲੋਕਾਂ ਲਈ ਬਾਕਾਇਦਾ (ਸਿਸਟੇਮੈਟਿਕ) ਨਸਲਵਾਦ ਨੂੰ ਘਟਾਉਣ ਅਤੇ ਸੁਰੱਖਿਆ ਵਿੱਚ ਸੁਧਾਰ ਕਰਨ ਲਈ- ਇਨਸਾਫ ਵਿੱਚ ਸੁਧਾਰ ਕਰਕੇ, ਬੀ.ਸੀ. ਵਿੱਚ ਕਈ ਪੁਲੀਸ ਗਤੀਵਿਧੀਆਂ ਵਿੱਚ ਸੁਧਾਰ ਕਰਨ ਦੀ ਸਿਫਾਰਸ਼ ਕੀਤੀ ਹੈ।

ਅਸੀਂ ਚਾਰ ਮੁੱਖ ਆਧਾਰਾਂ 'ਤੇ ਪੁਲੀਸ ਸੁਧਾਰ ਲਈ ਹੇਠ ਲਿਖੀਆਂ ਸਿਫ਼ਾਰਸ਼ਾਂ ਕਰਦੇ ਹਾਂ:

- ਕਿ ਇਸ ਦੇਸ਼ ਵਿੱਚ ਪੁਲੀਸ ਦਾ ਕਾਰਜ ਆਬਾਦਕਾਰਾਂ (ਸੈਟਲਰਾਂ) ਨੂੰ ਜ਼ਮੀਨ `ਤੇ ਵਸਾਉਣ ਲਈ ਇੰਡਿਜਿਨਸ ਲੋਕਾਂ ਨੂੰ ਨਿਯੰਤਰਿਤ ਕਰਨ ਲਈ ਬਸਤੀਵਾਦੀ ਦੇ ਆਦੇਸ਼ਾਂ'ਤੇ ਅਧਾਰਿਤ ਹੈ।
- ਕਿ ਪੁਲੀਸ ਦੇ ਕਾਰਜ ਦਾ ਮੁਢਲਾ ਉਦੇਸ਼ ਭਾਈਚਾਰੇ ਦੀ ਸੁਰੱਖਿਆ ਨੂੰ ਉਤਸ਼ਾਹਿਤ ਅਤੇ ਸੁਰੱਖਿਅਤ ਕਰਨਾ ਹੈ
- ਕਿ ਪੁਲੀਸ ਦਾ ਭੇਦਭਾਵ ਵਾਲਾ ਕਾਰਜ ਭਾਈਚਾਰਿਆਂ ਦੀ ਰੱਖਿਆ ਕਰਨ ਦੀ ਬਜਾਏ ਉਹਨਾਂ ਨੂੰ ਕਮਜ਼ੋਰ ਕਰਦਾ ਹੈ, ਜਾਂ ਇਸ ਦੇ ਉਲਟ ਕਮਿਊਨਿਟੀ ਸੁਰੱਖਿਆ ਲਈ ਇਨਸਾਫ ਜ਼ਰੂਰੀ ਹੈ
- ਕਿ ਪੁਲੀਸ ਦਾ ਸੁਧਾਰ ਸੰਭਵ ਅਤੇ ਜ਼ਰੂਰੀ ਹੈ

ਇਹ ਸਿਫ਼ਾਰਿਸ਼ਾਂ ਪੁਲੀਸ ਦੇ ਕਾਰਜ ਵਿੱਚ ਇਨਸਾਫ ਪ੍ਰਾਪਤ ਕਰਨ ਲਈ ਇੱਕ ਸ਼ੁਰੂਆਤੀ ਬਿੰਦੂ ਹਨ:

## ਇੰਡਿਜਿਨਸ ਲੋਕਾਂ ਪ੍ਰਤੀ ਬੀ.ਸੀ. ਦੀਆਂ ਜ਼ਿੰਮੇਵਾਰੀਆਂ ਨੂੰ ਸਮਝਣਾ

1. ਬੀ.ਸੀ. ਸਰਕਾਰ ਨੂੰ *ਪੁਲੀਸ ਐਕਟ* ਵਿੱਚ ਵਿਚ ਵਿਧਾਨਿਕ ਸੋਧਾਂ ਕਰਨ ਲਈ ਇੰਡਿਜਿਨਸ ਲੋਕਾਂ ਨਾਲ ਸਰਕਾਰ-ਤੋਂ-ਸਰਕਾਰ ਦੇ ਆਧਾਰ 'ਤੇ ਕੰਮ ਕਰਨਾ ਚਾਹੀਦਾ ਹੈ।
2. ਬੀ.ਸੀ. ਸਰਕਾਰ ਨੂੰ ਇੰਡਿਜਿਨਸ ਲੋਕਾਂ ਨੂੰ *ਪੁਲੀਸ ਐਕਟ* ਵਿੱਚ ਸੁਧਾਰਾਂ ਵਿੱਚ ਭਾਗੀਦਾਰ ਬਣਨ ਦੇ ਯੋਗ ਬਣਾਉਣ ਲਈ ਫੰਡ ਮੁਹਈਆ ਕਰਨਾ ਚਾਹੀਦਾ ਹੈ।

## ਵੱਖ ਵੱਖ ਸ਼੍ਰੇਣੀਆਂ ਵਿੱਚ ਵੰਡਿਆ ਡੇਟਾ

3. ਪਬਲਿਕ ਸੇਫਟੀ ਦੇ ਮੰਤਰੀ ਅਤੇ ਸੌਲਿਸਟਰ ਜਨਰਲ ਨੂੰ *ਪੁਲੀਸ ਐਕਟ* ਵਿੱਚ ਸੋਧ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਪੁਲੀਸ ਨੂੰ ਪੁਲੀਸ ਦੇ ਕਾਰਜ ਵਿੱਚ ਬਾਕਾਇਦਾ (ਸਿਸਟੇਮੈਟਿਕ) ਵਿਤਕਰੇ ਨੂੰ ਹੱਲ ਕਰਨ ਦੇ ਉਦੇਸ਼ ਲਈ ਨਸਲ-ਅਧਾਰਤ ਅਤੇ ਜਨਸੰਖਿਆ ਨਾਲ ਸੰਬੰਧਿਤ ਹੋਰ ਡੇਟਾ ਇਕੱਤਰ ਕਰਨ ਲਈ ਸਪੱਸ਼ਟ ਤੌਰ 'ਤੇ ਅਧਿਕਾਰਤ ਕੀਤਾ ਜਾ ਸਕੇ।
4. ਪਬਲਿਕ ਸੇਫਟੀ ਦੇ ਮੰਤਰੀ ਅਤੇ ਸੌਲਿਸਟਰ ਜਨਰਲ ਨੂੰ ਪੁਲੀਸ ਸੇਵਾਵਾਂ ਦੇ ਡਾਇਰੈਕਟਰ ਲਈ ਜ਼ਰੂਰੀ ਬਣਾਉਣਾ ਚਾਹੀਦਾ ਹੈ ਕਿ ਉਹ ਪੁਲੀਸ ਦੇ ਕਾਰਜ ਨਾਲ ਸੰਬੰਧਿਤ ਵੱਖ ਵੱਖ ਸ਼੍ਰੇਣੀਆਂ ਵਿੱਚ ਵੰਡੇ ਡੇਟਾ ਲਈ ਮਾਪਦੰਡਾਂ ਨੂੰ ਤਿਆਰ ਕਰੇ ਅਤੇ ਉਹਨਾਂ ਦੀ ਨਿਗਰਾਨੀ ਕਰਨ ਲਈ ਇੰਡਿਜਿਨਸ ਡੇਟਾ ਗਵਰਨੈਂਸ ਦੇ ਮਾਡਲ ਦੀ ਵਰਤੋਂ ਕਰਦਿਆਂ ਡੇਟਾ ਕਾਨੂੰਨ ਦੇ ਤਹਿਤ ਸਥਾਪਤ ਕਮਿਊਨਿਟੀ ਗਵਰਨੈਂਸ ਬੋਰਡ ਨਾਲ ਕੰਮ ਕਰੇ।

5. ਕਮਿਊਨਿਟੀ ਗਵਰਨੈਂਸ ਬੋਰਡ ਦੀ ਸਥਾਪਨਾ ਤੱਕ, ਕਮਿਸ਼ਨਰ ਸਿਫ਼ਾਰਸ਼ ਕਰਦਾ ਹੈ ਕਿ ਪੁਲੀਸ ਸਰਵਿਸਜ਼ ਦਾ ਡਾਇਰੈਕਟਰ ਵੱਖ ਵੱਖ ਸ਼੍ਰੇਣੀਆਂ ਵਿੱਚ ਵੰਡੇ ਪੁਲੀਸ ਡੇਟਾ ਦੇ ਇਕੱਤਰੀਕਰਨ, ਵਰਤੋਂ ਅਤੇ ਖੁਲਾਸੇ ਲਈ ਖਾਸ ਤੌਰ `ਤੇ ਸੰਬੰਧਿਤ *ਪੁਲੀਸ ਐਕਟ* ਦੀ ਧਾਰਾ 40(1)(a.1)(vii) ਦੇ ਤਹਿਤ ਮਾਪਦੰਡਾਂ ਨੂੰ ਵਿਕਸਤ ਕਰਨ ਲਈ ਕਮਿਊਨਿਟੀ ਨਾਲ ਕੰਮ ਕਰੇ ਅਤੇ ਇੰਡਿਜਿਨਸ ਡੇਟਾ ਗਵਰਨੈਂਸ ਬੋਰਡ ਦੀ ਵਰਤੋਂ ਕਰੇ।

6. ਪਬਲਿਕ ਸੇਫਟੀ ਅਤੇ ਸੌਲਿਸਟਰ ਜਨਰਲ ਦੇ ਮੰਤਰਾਲੇ ਨੂੰ ਕਮਿਊਨਿਟੀ ਗਵਰਨੈਂਸ ਬੋਰਡ ਨਾਲ ਸਲਾਹ-ਮਸ਼ਵਰਾ ਕਰਕੇ (ਜਾਂ ਕਮਿਊਨਿਟੀ ਗਵਰਨੈਂਸ ਬੋਰਡ ਦੀ ਸਥਾਪਨਾ ਤੋਂ ਪਹਿਲਾਂ ਭਾਈਚਾਰਕ ਸ਼ਮੂਲੀਅਤ ਰਾਹੀਂ) ਸੂਬਾਈ ਡੇਟਾ ਰੀਟੇਨਸ਼ਨ ਸਮਾਂ-ਸਾਰਣੀ ਸਥਾਪਤ ਕਰਨੀ ਚਾਹੀਦੀ ਹੈ ਅਤੇ ਸਾਰੀਆਂ ਪੁਲਿਸ ਸੇਵਾਵਾਂ ਤੋਂ ਮੰਗ ਕਰਨੀ ਚਾਹੀਦੀ ਹੈ ਕਿ ਉਹ ਖੋਜ ਅਤੇ ਹੋਰ ਜਾਇਜ਼ ਉਦੇਸ਼ਾਂ ਲਈ ਡੇਟਾ ਵੇਅਰਹਾਊਸਾਂ ਵਿੱਚ ਵੱਖ-ਵੱਖ ਅਤੇ ਅਣ-ਪਛਾਣ ਵਾਲੇ ਡੇਟਾ ਨੂੰ ਕਾਇਮ ਰੱਖਣ।
7. ਅਟੌਰਨੀ ਜਨਰਲ ਨੂੰ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਦੇ ਦਫਤਰ ਦੇ ਅਧਿਕਾਰ ਖੇਤਰ ਵਿੱਚ ਪੁਲੀਸ ਦੇ ਕਾਰਜਾਂ ਨਾਲ ਸੰਬੰਧਿਤ ਡੇਟਾ ਮਾਪਦੰਡਾਂ ਅਧੀਨ ਆਉਂਦੇ ਡੇਟਾ ਦੇ ਇਕੱਤੀਕਰਨ, ਵਰਤੋਂ ਜਾਂ ਖੁਲਾਸੇ ਬਾਰੇ ਸ਼ਿਕਾਇਤਾਂ ਜਾਂ ਚਿੰਤਾਵਾਂ ਦੀ ਜਾਂਚ ਨੂੰ ਸ਼ਾਮਲ ਕਰਨ ਲਈ ਉਸ ਦੇ ਅਧਿਕਾਰ ਖੇਤਰ ਅਤੇ ਸਮਰੱਥਾ ਨੂੰ ਵਧਾਉਣਾ ਚਾਹੀਦਾ ਹੈ।

## ਸਟ੍ਰੀਟ ਚੈਕ

8. ਪਬਲਿਕ ਸੇਫਟੀ ਅਤੇ ਸੌਲਿਸਟਰ ਜਨਰਲ ਦੇ ਮੰਤਰਾਲੇ ਨੂੰ ਮਰਜ਼ੀ ਦੀ ਵਰਤੋਂ ਨੂੰ ਘਟਾਉਣ, ਪੁਲੀਸ ਦੀਆਂ ਕਾਰਵਾਈਆਂ ਲਈ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਪ੍ਰੋਵਿੰਸ਼ੀਅਲ ਪੁਲੀਸਿੰਗ ਸਟੈਂਡਰਡ, 6.2 ਪੁਲੀਸ ਸਟੌਪਸ (ਜਾਂ ਬਾਅਦ ਦੇ ਮਾਪਦੰਡ ਜੋ ਪੁਲਿਸ ਸਟਾਪਾਂ ਨਾਲ ਸਬੰਧਤ ਹਨ) ਵਿੱਚ ਸੋਧ ਕਰਨੀ ਚਾਹੀਦੀ ਹੈ, ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਾਣਕਾਰੀ ਸਿਰਫ ਜਵਾਬਦੇਹੀ ਦੇ ਉਦੇਸ਼ਾਂ ਲਈ ਹੀ ਇਕੱਠੀ ਕੀਤੀ ਜਾਂਦੀ ਹੈ, ਜਿਵੇਂ ਕਿ ਇਹਨਾਂ ਬੇਨਤੀਆਂ ਦੇ 47 ਸਫੇ `ਤੇ ਵਿਸਥਾਰ ਵਿੱਚ ਲਿਖਿਆ ਗਿਆ ਹੈ।

9. ਪਬਲਿਕ ਸੇਫਟੀ ਅਤੇ ਸੌਲਿਸਟਰ ਜਨਰਲ ਦੇ ਮੰਤਰਾਲੇ ਨੂੰ ਟਰੈਫਿਕ ਸਟਾਪਾਂ ਲਈ ਇੱਕ ਨਿਰਪੱਖ ਪੁਲੀਸਿੰਗ ਸਟੈਂਡਰਡ ਲਾਗੂ ਕਰਨਾ ਚਾਹੀਦਾ ਹੈ। ਇਸ ਸਟੈਂਡਰਡ ਵਿੱਚ ਟ੍ਰੈਫਿਕ ਸਟਾਪਾਂ ਦਾ ਪ੍ਰਬੰਧ ਬਿਨਾਂ ਕਿਸੇ ਪੱਖਪਾਤ ਦੇ ਕਰਨ ਬਾਰੇ ਸਪਸ਼ਟ ਰੂਪ ਵਿੱਚ ਕਿਹਾ ਜਾਣਾ ਚਾਹੀਦਾ ਹੈ, ਜਿਸ ਲਈ ਸਾਰੀਆਂ ਪੁਲੀਸ ਸੇਵਾਵਾਂ ਤੋਂ ਅਜਿਹੀ ਨੀਤੀ ਦੀ ਮੰਗ ਕਰਨੀ ਚਾਹੀਦੀ ਹੈ ਜੋ ਸੋਫੀ ਹੋਣ ਨੂੰ ਚੈੱਕ ਕਰਨ ਦੇ ਨਾਕਿਆਂ (sobriety checkpoints) ਵਰਗੇ ਪੁਲੀਸ ਦੇ ਕਿਰਿਆਸ਼ੀਲ (ਪ੍ਰੋਐਕਟਿਵ) ਕਾਰਜਾਂ ਵਿੱਚ ਅਫਸਰ ਦੀ ਮਰਜ਼ੀ ਦੀ ਵਰਤੋਂ ਨੂੰ ਘੱਟ ਕਰਦੀ ਹੋਵੇ।

ਪੁਲਿਸ ਦੀ ਡੀ-ਟਾਸਕਿੰਗ

10. ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਸੰਕਟ, ਬੇਘਰ ਹੋਣ ਅਤੇ ਅਪਰਾਧਿਕ ਨਿਆਂ ਪ੍ਰਤੀਕਿਰਿਆ (ਕਰਮਿਨਲ ਜਸਟਿਸ ਰਿਸਪਾਂਸ) ਦੀ ਥਾਂ ਵਧੇਰੇ ਸਮਾਜਕ ਸੇਵਾਵਾਂ ਪ੍ਰਦਾਨ ਕਰਕੇ ਨਜਿੱਠੀਆਂ ਜਾ ਸਕਣ ਵਾਲੀਆਂ ਹੋਰ ਚੁਣੌਤੀਆਂ ਦਾ ਅਨੁਭਵ ਕਰ ਰਹੇ ਲੋਕਾਂ ਲਈ ਪੁਲੀਸ ਦੇ ਬੱਜਟਾਂ ਤੋਂ ਪੈਸੇ ਕੱਢ ਕੇ ਸਿਵਲੀਅਨਾਂ ਦੀ ਅਗਵਾਈ ਵਿੱਚ ਚਲਦੀਆਂ ਸੇਵਾਵਾਂ ਵਿੱਚ ਲਾਉਣ ਲਈ ਵਿਵਸਥਾ ਤਿਆਰ ਕਰਨ ਲਈ ਬੀ. ਸੀ. ਦੀ ਸਰਕਾਰ ਨੂੰ ਇੰਡਿਜਿਨਸ, ਫੈਡਰਲ, ਸੂਬਾਈ ਅਤੇ ਮਿਉਂਸਪਲ ਸਰਕਾਰਾਂ ਸਮੇਤ ਸਾਰੇ ਪੱਧਰਾਂ ਦੀਆਂ ਸਰਕਾਰਾਂ ਨਾਲ ਕੰਮ ਕਰਨਾ ਚਾਹੀਦਾ ਹੈ।

11. ਪਬਲਿਕ ਸੇਫਟੀ ਅਤੇ ਸੌਲਿਸਟਰ ਜਨਰਲ ਦੇ ਮੰਤਰਾਲੇ ਨੂੰ ਇਹ ਯਕੀਨੀ ਬਣਾਉਣ ਲਈ 9-1-1 ਸੇਵਾਵਾਂ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ ਕਿ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਲੋਕਾਂ ਨਾਲ ਨਿਪਟਣ ਲਈ ਪੁਲੀਸ ਇਕ ਆਖਰੀ ਉਪਾਅ ਵਜੋਂ ਸ਼ਾਮਲ ਹੋਵੇ ਨਾ ਕਿ ਪਹੁੰਚਣ ਵਾਲੀ ਪਹਿਲੀ ਧਿਰ ਵਜੋਂ। ਇਹਨਾਂ ਸਬਮਿਸ਼ਨਾਂ ਦੇ ਪੰਨਾ 58 'ਤੇ ਹੋਰ ਵੇਰਵੇ ਦਿੱਤੇ ਗਏ ਹਨ।

12. ਬੀ.ਸੀ. ਸਰਕਾਰ ਨੂੰ ਸਿਵਲੀਅਨ ਲੋਕਾਂ ਦੀ ਅਗਵਾਈ (ਅਰਥਾਤ, ਪੁਲੀਸ ਜਾਂ ਸਿਹਤ ਅਧਿਕਾਰੀਆਂ ਦੀ ਬਜਾਏ ਕਮਿਊਨਿਟੀ-ਆਧਾਰਿਤ ਏਜੰਸੀਆਂ ਦੁਆਰਾ ਅਗਵਾਈ) ਵਾਲੀਆਂ ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਸੰਬੰਧਿਤ ਸੇਵਾਵਾਂ ਵਿੱਚ ਮਹੱਤਵਪੂਰਨ ਨਿਵੇਸ਼ ਕਰਨਾ ਚਾਹੀਦਾ ਹੈ ਜਿਹਨਾਂ ਵਿੱਚ ਸ਼ਾਮਲ ਹਨ:

    - ਮਾਨਸਿਕ ਸਿਹਤ ਨਾਲ ਸੰਬੰਧਿਤ ਕਲੀਨੀਸ਼ੀਅਨਾਂ, ਨਰਸਾਂ, ਸੋਸ਼ਲ ਵਰਕਰਾਂ ਅਤੇ ਪੀਅਰ ਵਰਕਰਾਂ ਵਾਲੀਆਂ ਬਹੁ-ਅਨੁਸ਼ਾਸਨੀ ਟੀਮਾਂ ਵਾਲੇ ਤੁਰੰਤ ਕਦਮ ਚੁੱਕਣ ਵਾਲੇ ਕੇਂਦਰਾਂ (urgent response centres) ਦੀ ਸਥਾਪਨਾ ਕਰਨਾ, ਜੋ ਰੋਗ ਦੀ ਪਛਾਣ ਅਤੇ ਇਲਾਜ ਵਾਲੇ ਮੈਡੀਕਲ ਮਾਡਲ ਤੋਂ ਪਾਰ ਜਾ ਕੇ ਰੈਪਅਰਾਊਂਡ ਸਹਾਇਤਾ ਪ੍ਰਦਾਨ ਕਰ ਸਕਦੇ ਹੋਣ।
    - ਗੰਭੀਰ ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀਆਂ ਲੋੜਾਂ ਲਈ ਗੁੰਝਲਦਾਰ ਦੇਖਭਾਲ ਵਾਲੀ ਰਿਹਾਇਸ਼ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਇਲਾਜ ਵਿੱਚ ਨਿਵੇਸ਼ ਨੂੰ ਵਧਾਉਣਾ। ਇਹਨਾਂ ਸਬਮਿਸ਼ਨਾਂ ਦੇ ਪੰਨਾ 58 'ਤੇ ਹੋਰ ਵੇਰਵੇ ਦਿੱਤੇ ਗਏ ਹਨ।

13. ਬੀ.ਸੀ. ਸਰਕਾਰ ਨੂੰ ਸੂਬਾਈ ਬੇਘਰੇਪਣ ਨਾਲ ਨਿਪਟਣ ਦੀ ਰਣਨੀਤੀ ਵਿਕਸਿਤ ਕਰਨ ਵੇਲੇ ਪੁਲੀਸ ਦੇ ਕਾਰਜਾਂ, ਬੇਘਰੇਪਣ, ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਅੰਤਰ-ਸੰਬੰਧਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

14. ਸਕੂਲ ਬੋਰਡਾਂ ਨੂੰ ਸਕੂਲ ਲਿਏਜ਼ੋਨ ਅਫਸਰ (SLO) ਪ੍ਰੋਗਰਾਮਾਂ ਨੂੰ ਖਤਮ ਕਰਨਾ ਚਾਹੀਦਾ ਹੈ ਜਦੋਂ ਤੱਕ ਕਿ ਉਹ ਸਬੂਤਾਂ ਦੇ ਆਧਾਰ `ਤੇ ਇਹ ਸਿੱਧ ਨਹੀਂ ਕਰ ਸਕਦੇ ਕਿ ਉਹਨਾਂ ਦੀ ਲੋੜ ਹੈ ਅਤੇ ਇਹ ਲੋੜ ਹੋਰ ਤਰੀਕਿਆਂ ਨਾਲ ਪੂਰੀ ਨਹੀਂ

ਕੀਤੀ ਜਾ ਸਕਦੀ। ਇਹ ਮੁਲਾਂਕਣ ਕਰਦੇ ਸਮੇਂ, ਸਕੂਲ ਬੋਰਡਾਂ ਲਈ  ਇੰਡਿਜਿਨਸ, ਕਾਲੇ ਅਤੇ ਹੋਰ ਵਿਦਿਆਰਥੀ ਆਬਾਦੀਆਂ 'ਤੇ ਚੱਲ ਰਹੇ ਐੱਸ ਐੱਲ ੳ (SLO) ਪ੍ਰੋਗਰਾਮਾਂ ਦੇ ਪੈਂਦੇ ਅਸਰਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ।

15. ਐੱਸ ਐੱਲ ੳ (SLO)  ਦੀਆਂ ਮਨੋ-ਸਮਾਜਿਕ ਅਤੇ ਵਿਦਿਅਕ ਭੂਮਿਕਾਵਾਂ ਨੂੰ ਕੋਚਿੰਗ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਹੋਰ ਗਤੀਵਿਧੀਆਂ ਦੀ ਅਗਵਾਈ ਕਰਨ, ਬੱਚਿਆਂ ਅਤੇ ਨੌਜਵਾਨਾਂ ਨੂੰ ਕੌਂਸਿਲਿੰਗ ਦੇਣ, ਸਦਮੇ ਤੋਂ ਪ੍ਰਭਾਵਿਤ ਅਮਲਾਂ,, ਜਿਨਸੀ ਹਮਲਿਆਂ ਦੀ ਰੋਕਥਾਮ, ਨਸ਼ੀਲੇ ਪਦਾਰਥਾਂ ਦੀ ਵਰਤੋਂ ਬਾਰੇ ਸਿੱਖਿਆ ਅਤੇ ਬੁਲੀਇੰਗ ਦੀ ਰੋਕਥਾਮ ਵਿੱਚ ਤਜਰਬਾ ਰੱਖਣ ਵਾਲੇ ਸਿਵਲੀਅਨ ਲੋਕਾਂ ਨੂੰ ਦੁਬਾਰਾ ਸੌਂਪਿਆ ਜਾਣਾ ਚਾਹੀਦਾ ਹੈ। ਉੱਡ ਐੱਸ ਐੱਲ ੳ (SLO)  ਪ੍ਰੋਗਰਾਮਾਂ ਵਿੱਚ ਜਾਣ ਵਾਲੇ ਫੰਡ ਅਤੇ ਵਸੀਲੇ  ਇਹਨਾਂ ਭੂਮਿਕਾਵਾਂ ਨੂੰ ਪੂਰਾ ਕਰਨ ਲਈ ਸਿਵਲੀਅਨ ਲੋਕਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ।

## ਪੁਲੀਸ ਜਵਾਬਦੇਹੀ

16. ਅਟੌਰਨੀ ਜਨਰਲ ਮੰਤਰਾਲੇ ਨੂੰ ਸਿਵਿਲਿਅਨ ਰਿਵਿਊ ਐਂਡ ਕੰਪਲੇਂਟਸ ਕਮਿਸ਼ਨ ਫੌਰ ਦ ਆਰ ਸੀ ਐੱਮ ਪੀ  (CRCC), ਇੰਡੀਪੈਂਡੈਂਟ ਇਨਵੈਸਟੀਗੇਸ਼ਨਸ ਔਫਿਸ (IIO), ਔਫਿਸ ਔਫ ਪੁਲੀਸ ਕੰਪਲੇਂਟਸ ਕਮਿਸ਼ਨਰ ਔਫ ਬ੍ਰਿਟਿਸ਼ ਕੋਲੰਬੀਆ (OPCC) ਅਤੇ BC ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਸ਼ਿਕਾਇਤਾਂ ਜਾਂ ਜਾਂਚਾਂ ਵਿੱਚ ਸ਼ਾਮਲ ਲੋਕਾਂ ਨੂੰ ਸਲਾਹ ਅਤੇ ਪ੍ਰਤੀਨਿਧਤਾ ਪ੍ਰਦਾਨ ਕਰਨ ਲਈ ਲੀਗਲ ਏਡ ਸਮੇਤ ਕਾਨੂੰਨੀ ਵਕਾਲਤ (ਲੀਗਲ ਐਡਵੋਕੇਸੀ) ਦੇ ਪ੍ਰੋਗਰਾਮਾਂ ਲਈ ਫੰਡ ਮੁਹਈਆ ਕਰਨਾ ਚਾਹੀਦਾ ਹੈ।

17. ਪਬਲਿਕ ਸੇਫਟੀ ਅਤੇ ਸੌਲਿਸਟਰ ਜਨਰਲ ਦੇ ਮੰਤਰਾਲੇ ਨੂੰ IIO ਨੂੰ ਸੰਪੂਰਨ ਤੌਰ `ਤੇ ਸਿਵਲੀਅਨਾਂ ਦੇ ਹੱਥਾਂ ਵਿੱਚ ਸੌਂਪਣ ਦੇ ਟੀਚੇ ਨੂੰ ਜਲਦੀ ਤੋਂ ਜਲਦੀ ਪ੍ਰਾਪਤ ਕਰਨ ਲਈ ਇੱਕ ਯੋਜਨਾ ਅਤੇ ਸਮਾਂ-ਸੀਮਾ ਤਿਆਰ ਕਰਨੀ ਚਾਹੀਦੀ ਹੈ।

18. OPCC ਨੂੰ ਜਿੰਨੀ ਜਲਦੀ ਹੋ ਸਕੇ OPCC ਨੂੰ ਸੰਪੂਰਨ ਤੌਰ `ਤੇ ਸਿਵਲੀਅਨਾਂ ਦੇ ਹੱਥਾਂ ਵਿੱਚ ਸੌਂਪਣ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਇੱਕ ਯੋਜਨਾ ਅਤੇ ਸਮਾਂ-ਸੀਮਾ ਤਿਆਰ ਕਰਨੀ ਚਾਹੀਦੀ ਹੈ।

19. ਪਬਲਿਕ ਸੇਫਟੀ ਅਤੇ ਸੌਲਿਸਟਰ ਜਨਰਲ ਦੇ ਮੰਤਰਾਲੇ ਨੂੰ ਇੱਕ ਯੋਜਨਾ ਅਤੇ ਸਮਾਂ-ਸੀਮਾ ਤਿਆਰ ਕਰਨੀ ਚਾਹੀਦੀ ਹੈ ਜੋ CRCC   ਤੋਂ ਮੰਗ ਕਰੇ  ਕਿ ਉਹ (ਬੀ.ਸੀ. ਦੀਆਂ ਸ਼ਿਕਾਇਤਾਂ ਨਾਲ ਨਿਪਟਣ ਲਈ ) ਜਿੰਨੀ ਜਲਦੀ ਸੰਭਵ ਹੋ ਸਕੇ ਉਨੀ ਜਲਦੀ ਸੰਪੂਰਨ ਤੌਰ `ਤੇ ਸਿਵਲੀਅਨ ਹੋ ਜਾਣ ਦੇ ਟੀਚੇ ਵੱਲ ਵਧ ਸਕੇ।

20. ਪਬਲਿਕ ਸੇਫਟੀ ਅਤੇ ਸੌਲੀਸਿਟਰ ਜਨਰਲ ਮੰਤਰਾਲੇ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਾਂ ਤਾਂ RCMP ਨੂੰ OPCC ਦੇ ਅਧਿਕਾਰ ਖੇਤਰ ਵਿੱਚ ਲਿਆਂਦਾ ਜਾਵੇ, ਜਿਵੇਂ ਕਿ ਬੀ. ਸੀ. ਵਿੱਚ ਪੁਲੀਸ ਦੇ ਕਾਰਜ ਦੀ ਜਾਂਚ ਲਈ ਬਣਾਏ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੀ ਗਈ ਹੈ, ਜਾਂ OPCC ਅਤੇ CRCC ਲਈ ਕਾਨੂੰਨ ਅਤੇ ਸ਼ਿਕਾਇਤ ਪ੍ਰਕਿਰਿਆਵਾਂ ਨੂੰ ਇਕਸਾਰ ਕੀਤਾ ਜਾਵੇ।

21. ਪਬਲਿਕ ਸੇਫਟੀ ਅਤੇ ਸੌਲੀਸਿਟਰ ਜਨਰਲ ਮੰਤਰਾਲੇ ਨੂੰ OPCC ਦੇ ਅਧਿਕਾਰ ਖੇਤਰ ਦਾ ਵਿਸਤਾਰ ਕਰਨਾ ਚਾਹੀਦਾ ਹੈ ਤਾਂ ਜੋ OPCC ਸ਼ਿਕਾਇਤਾਂ ਦੀ ਜਾਂਚ ਕਰਨ ਦੇ ਯੋਗ ਬਣ ਸਕੇ, ਕਿਸੇ ਵੀ ਜਾਂਚ ਦੀ ਜ਼ਿੰਮੇਵਾਰੀ ਲੈ ਸਕੇ ਜਾਂ ਜਾਂਚ ਲਈ

IIO ਨੂੰ ਸ਼ਿਕਾਇਤਾਂ ਭੇਜ ਸਕੇ। ਜੇਕਰ OPCC ਦੇ ਅਧਿਕਾਰ ਦਾ ਵਿਸਤਾਰ ਕੀਤਾ ਜਾਂਦਾ ਹੈ, ਤਾਂ OPCC ਸਟਾਫ਼ ਨੂੰ ਲੋੜੀਂਦੀ ਸਿਖਲਾਈ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

22. ਪਬਲਿਕ ਸੇਫਟੀ ਅਤੇ ਸੌਲੀਸਿਟਰ ਜਨਰਲ ਮੰਤਰਾਲੇ ਨੂੰ ਜਿਨਸੀ ਸ਼ੋਸ਼ਣ ਦੀ ਜਾਂਚ ਨੂੰ ਸ਼ਾਮਲ ਕਰਨ ਲਈ IIO ਦੇ ਅਧਿਕਾਰ ਖੇਤਰ ਦਾ ਤੁਰੰਤ ਵਿਸਤਾਰ ਕਰਨ ਲਈ *ਪੁਲੀਸ ਐਕਟ* ਦੀ ਧਾਰਾ 74(2)(t.4) ਵਿੱਚ ਆਪਣੇ ਨਿਯਮ ਬਣਾਉਣ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ IIO ਦੇ ਅਧਿਕਾਰ ਦਾ ਵਿਸਤਾਰ ਕੀਤਾ ਜਾਂਦਾ ਹੈ, IIO ਜਾਂਚਕਰਤਾਵਾਂ ਨੂੰ ਲਿੰਗ-ਆਧਾਰਿਤ ਹਿੰਸਾ ਦੀਆਂ ਖਾਸੀਅਤਾਂ ਬਾਰੇ ਮੁਹਾਰਤ ਦਾ ਨਿਰਮਾਣ ਕਰਨਾ ਚਾਹੀਦਾ ਹੈ।

23. ਘਰੇਲੂ ਹਿੰਸਾ ਅਤੇ ਜਿਨਸੀ ਸ਼ੋਸ਼ਣ ਪ੍ਰਤੀ ਪੁਲੀਸ ਦੀਆਂ ਪ੍ਰਤੀਕਿਰਿਆਵਾਂ ਦਾ ਵਿਆਪਕ ਮੁਲਾਂਕਣ ਕਰਨ ਲਈ ਬੈਟਰਡ ਵੂਮੈਨਸ ਸਪੋਰਟ ਸਰਵਿਸਿਜ਼ ਦੁਆਰਾ SCORPA ਨੂੰ ਸਰਕਾਰ ਲਈ ਕੀਤੀਆਂ ਸਿਫ਼ਾਰਸ਼ਾਂ ਨੂੰ ਅਪਣਾਇਆ ਜਾਣਾ ਚਾਹੀਦਾ ਹੈ।

24. ਅਟੌਰਨੀ ਜਨਰਲ ਨੂੰ ਸਮਾਜਿਕ ਸਥਿਤੀ ਅਤੇ ਇੰਡਿਜਿਨਸ ਪਛਾਣ ਨੂੰ ਸੁਰੱਖਿਅਤ ਆਧਾਰਾਂ ਵਜੋਂ ਸ਼ਾਮਲ ਕਰਨ ਲਈ ਬੀ.ਸੀ. ਦੀ *ਮਨੁੱਖੀ ਅਧਿਕਾਰ ਕੋਡ* ਵਿੱਚ ਸੋਧ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ।

25. *ਪੁਲੀਸ ਐਕਟ* ਨੂੰ ਇਹ ਯਕੀਨੀ ਬਣਾਉਣ ਲਈ ਸੋਧਿਆ ਜਾਣਾ ਚਾਹੀਦਾ ਹੈ ਕਿ ਪੁਲੀਸ ਬੋਰਡ ਉਹਨਾਂ ਭਾਈਚਾਰਿਆਂ ਦੇ ਪ੍ਰਤੀਨਿਧ ਹਨ ਜਿਹਨਾਂ ਦੀ ਉਹ ਸੇਵਾ ਕਰਦੇ ਹਨ ਅਤੇ ਖਾਸ ਤੌਰ 'ਤੇ ਉਹਨਾਂ ਭਾਈਚਾਰਿਆਂ ਦੇ ਪ੍ਰਤੀਨਿਧ ਹਨ ਜੋ ਪੁਲੀਸ ਦੇ ਕਾਰਜ ਨਾਲ ਅਨੁਪਾਤ ਤੋਂ ਜ਼ਿਆਦਾ ਪੱਧਰ 'ਤੇ ਪ੍ਰਭਾਵਿਤ ਹੁੰਦੇ ਹਨ, ਜਿਸ ਵਿੱਚ ਹਰੇਕ ਪੁਲੀਸ ਬੋਰਡ ਵਿੱਚ ਇੰਡਿਜਿਨਸ ਪ੍ਰਤੀਨਿਧਤਾ ਦੀ ਸ਼ਰਤ ਦਾ ਸ਼ਾਮਲ ਹੋਣਾ ਜ਼ਰੂਰੀ ਹੈ।

26. ਪਬਲਿਕ ਸੇਫਟੀ ਅਤੇ ਸੌਲਿਸਟਰ ਜਨਰਲ ਦੇ ਮੰਤਰਾਲੇ ਨੂੰ ਸੂਬੇ ਦੇ ਵੱਖ-ਵੱਖ ਖੇਤਰਾਂ ਲਈ ਸਥਾਨਕ ਸਿਵਲੀਅਨ ਪੁਲੀਸ ਬੋਰਡਾਂ ਜਾਂ ਕੌਂਸਲਾਂ ਦੀ ਸਥਾਪਨਾ ਕਰਨ ਲਈ ਬੀ.ਸੀ. ਵਿੱਚ RCMP ਨਾਲ ਕੰਮ ਕਰਨਾ ਚਾਹੀਦਾ ਹੈ।

27. ਪਬਲਿਕ ਸੇਫਟੀ ਅਤੇ ਸੌਲਿਸਟਰ ਜਨਰਲ ਮੰਤਰਾਲੇ ਨੂੰ ਪੁਲੀਸ ਬੋਰਡ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਬਿਹਤਰ ਬਣਾਉਣ ਲਈ ਪੁਲੀਸ ਬੋਰਡਾਂ ਲਈ ਵਾਧੂ ਜਨਤਕ ਰਿਪੋਰਟਿੰਗ ਦੀਆਂ ਸ਼ਰਤਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ।

28. ਬੀ.ਸੀ. ਸਰਕਾਰ ਨੂੰ ਇੱਕ ਮਜ਼ਬੂਤ ਅਤੇ ਚੰਗੀ ਤਰ੍ਹਾਂ ਫੰਡ ਪ੍ਰਾਪਤ ਇੰਡਿਜਿਨਸ ਨਾਗਰਿਕ ਪੁਲੀਸ ਨਿਗਰਾਨ ਸੰਸਥਾ (ਜਾਂ ਕਿਸੇ ਅਧਿਕਾਰ ਖੇਤਰ ਦੇ ਅੰਦਰ ਸਥਾਪਿਤ ਪ੍ਰਤਿਸ਼ਠਾਵਾਨ ਨਾਗਰਿਕ ਨਿਗਰਾਨੀ ਸੰਸਥਾਵਾਂ ਦੇ ਅੰਦਰ ਸ਼ਾਖਾਵਾਂ) ਦੀ ਸਥਾਪਨਾ ਕਰਨੀ ਚਾਹੀਦੀ ਹੈ, ਜਿਸ ਵਿੱਚ ਵਿਭਿੰਨ ਇੰਡਿਜਿਨਸ ਸੱਭਿਆਚਾਰਕ ਪਿਛੋਕੜਾਂ ਦੀਆਂ ਇੰਡਿਜਿਨਸ ਔਰਤਾਂ, ਲੜਕੀਆਂ ਅਤੇ LGBTQ2SAI+ ਲੋਕਾਂ ਦੀ ਨੁਮਾਇੰਦਗੀ ਲਾਜ਼ਮੀ ਹੋਵੇ, ਜਿਵੇਂ ਕਿ ਲਾਪਤਾ ਅਤੇ ਕਤਲ ਕੀਤੀਆਂ ਗਈਆਂ ਇੰਡਿਜਿਨਸ ਔਰਤਾਂ ਅਤੇ ਲੜਕੀਆਂ (Missing and Murdered Indigenous Women and Girls) ਦੀ ਜਾਂਚ ਦੀ ਅੰਤਿਮ ਰਿਪੋਰਟ ਵਿੱਚ ਮੰਗ ਕੀਤੀ ਗਈ ਹੈ। ਇੰਡਿਜਿਨਸ ਨਾਗਰਿਕ ਨਿਗਰਾਨ ਸੰਸਥਾ ਕੋਲ ਇਹਨਾਂ ਸਬਮਿਸ਼ਨਾਂ ਦੇ ਪੰਨਾ 71 'ਤੇ ਵਧੇਰੇ ਵਿਸਤਾਰ ਨਾਲ ਨਿਰਧਾਰਤ ਸ਼ਕਤੀਆਂ ਹੋਣੀਆਂ ਚਾਹੀਦੀਆਂ ਹਨ।

29. ਜਦੋਂ ਤੱਕ ਸੂਬਾਈ ਸਰਕਾਰ ਇੰਡਿਜਿਨਸ ਨਾਗਰਿਕ ਨਿਗਰਾਨ ਸੰਸਥਾਵਾਂ ਦੀ ਸਥਾਪਨਾ ਨਹੀਂ ਕਰਦੀ, ਉਦੋਂ ਤੱਕ ਹਰ ਉਸ ਘਟਨਾ ਦੀ ਜਾਂਚ ਲਈ ਇੱਕ ਸਿਵਲੀਅਨ ਨਿਗਰਾਨ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ, ਜਿਸ ਘਟਨਾ ਦੇ ਨਤੀਜੇ

ਵਜੋਂ ਕਿਸੇ ਇੰਡਿਜਿਨਸ ਵਿਅਕਤੀ ਦੀ ਮੌਤ ਜਾਂ ਗੰਭੀਰ ਨੁਕਸਾਨ ਹੁੰਦਾ ਹੈ। ਸਰਕਾਰ ਨੂੰ ਉਨ੍ਹਾਂ ਦੀ ਅਸਰਦਾਰ ਭਾਗੀਦਾਰੀ ਲਈ ਕਿਸੇ ਵੀ ਰੁਕਾਵਟ ਨੂੰ ਦੂਰ ਕਰਨਾ ਚਾਹੀਦਾ ਹੈ।

ਮਨੁੱਖੀ ਅਧਿਕਾਰ ਕਮਿਸ਼ਨਰ ਮਨੁੱਖੀ ਅਧਿਕਾਰਾਂ, ਸਮਾਨਤਾ, ਸੁਰੱਖਿਆ ਅਤੇ ਨਿਆਂ ਦੇ ਨਾਂ 'ਤੇ ਸਿਲੈਕਟ ਸਟੈਂਡਿੰਗ ਕਮੇਟੀ ਨੂੰ ਪੁਲੀਸ ਐਕਟ ਨੂੰ ਸੁਧਾਰਨ — ਅਤੇ, ਬਾਅਦ ਵਿੱਚ, ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ—ਨੂੰ ਕਈ ਹੋਰਾਂ ਦੀਆਂ ਮਹੱਤਵਪੂਰਨ ਸਬਮਿਸ਼ਨਾਂ ਦੇ ਨਾਲ-ਨਾਲ ਇਹਨਾਂ ਸਿਫ਼ਾਰਸ਼ਾਂ ਨੂੰ ਅਪਣਾਉਣ ਦੀ ਅਪੀਲ ਕਰਦਾ ਹੈ , ਅਤੇ ਸਾਡੇ ਸੂਬੇ ਵਿੱਚ ਪੁਲੀਸ ਦੀ ਭੂਮਿਕਾ ਬਾਰੇ ਦੁਬਾਰਾ ਸੋਚਣ ਤੋਂ ਸੰਕੋਚ ਨਾ ਕਰਨ ਲਈ ਕਹਿੰਦਾ ਹੈ।